**[OFFICE OF THE SENIOR SUPERINTENDENT OF POLICE,DISTRICT RUPNAGAR**

**Contact us on:-**
**Office : 01881-220119**
**Facebook : @RupnagarPolice**
**Twitter : @RupnagarPolice**
**Instragram : @RupnagarPolice**
**Whatsapp : 77430-11701**

# ਪ੍ਰੈਸ ਨੋਟ

ਅੱਜ ਮਿਤੀ 08.08.2022 ਨੂੰ ਸ੍ਰੀ ਗੁਰਪ੍ਰੀਤ ਸਿੰਘ ਭੁੱਲਰ IPS (DIG) ਰੂਪਨਗਰ ਰੇਂਜ ਰੂਪਨਗਰ ਅਤੇ ਡਾ: ਸੰਦੀਪ ਕੁਮਾਰ ਗਰਗ, ਆਈ.ਪੀ.ਐਸ., ਸੀਨੀਅਰ ਕਪਤਾਨ ਪੁਲਿਸ, ਰੂਪਨਗਰ ਨੇ ਸਾਂਝੇ ਤੋਰ ਤੇ ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਮਾਨਯੋਗ ਡਾਇਰੈਕਟਰ ਜਨਰਲ ਪੁਲਿਸ, ਪੰਜਾਬ, ਚੰਡੀਗੜ ਜੀ ਦੇ ਦਿਸ਼ਾਂ ਨਿਰਦੇਸ਼ਾ ਅਨੁਸਾਰ ਨਸਾਂ ਤਸਕਰਾ / ਭੈੜੇ ਪੁਰਸ਼ਾ ਖਿਲਾਫ ਚਲਾਈ ਜਾ ਰਹੀ ਮੁਹਿੰਮ ਨੂੰ ਉਸ ਵਕਤ ਅਹਿਮ ਸਫਲਤਾ ਹਾਸਿਲ ਹੋਈ ਜਦੋ ਸ੍ਰੀ ਮਨਵਿੰਦਰਵੀਰ ਸਿੰਘ, ਪੀ.ਪੀ.ਐਸ, ਕਪਤਾਨ ਪੁਲਿਸ (ਡਿਟੈਕਟਿਵ) ਅਤੇ ਸ੍ਰੀ ਤਲਵਿੰਦਰ ਸਿੰਘ ਗਿੱਲ ,ਪੀ.ਪੀ.ਐਸ, ਉਪ ਕਪਤਾਨ ਪੁਲਿਸ (ਡਿਟੈਕਟਿਵ) ਰੂਪਨਗਰ ਦੀ ਅਗਵਾਈ ਹੇਠ ਮਿਤੀ 06.8.2022 ਨੂੰ ਇੰਸਪੈਕਟਰ ਸਤਨਾਮ ਸਿੰਘ ਇੰਚਾਰਜ ਸੀ.ਆਈ.ਏ. ਰੂਪਨਗਰ ਦੀ ਟੀਮ ਨੇ ਨਸ਼ਾ ਸਪਲਾਈ ਦੀ ਬਹੁਤ ਵੱਡੀ ਚੇਨ ਤੋੜਨ ਅਤੇ ਗੈਗਸਟਰਵਾਦ ਦਾ ਲੱਕ ਤੋੜਨ ਵਿੱਚ ਬਹੁਤ ਵੱਡੀ ਕਾਮਯਾਬੀ ਹਾਸਲ ਕੀਤੀ ਜਦੋਂ **ਗੈਗਸਟਰ ਪਰਮਿੰਦਰ ਸਿੰਘ @ ਪਿੰਦਰੀ ਜੋ ਕਿ ਖਤਰਨਾਕ ਗੈਗਸਟਰ ਹੈ ਨੂੰ ਸਮੇਤ ਉਸ ਦੇ 09 ਹੋਰ ਗੁਰਗਿਆ/ਗੈਂਗ ਮੈਂਬਰਾ ਨੂੰ 07 ਪਿਸਟਲਾਂ ਅਤੇ 51 ਕਾਰਤੂਸਾ ਸਮੇਤ,ਕਿਸੇ ਵੱਡੀ ਵਾਰਦਾਤ ਕਰਨ ਦੀ ਤਿਆਰੀ ਕਰਦਿਆ ਮੌਕਾ ਪਰ ਕਾਬੂ ਕੀਤਾ ਹੈ।**

ਗੈਗਸਟਰ ਪਰਮਿੰਦਰ ਸਿੰਘ @ ਪਿੰਦਰੀ, ਲਾਰੇਂਸ ਬਿਸ਼ਨੋਈ ਅਤੇ ਜੱਗੂ ਭਗਵਾਨੀਆ ਗੈਂਗ ਦੇ ਗਰੁੱਪ ਦਾ ਰੂਪਨਗਰ, ਬੱਦੀ, ਨਾਲਾਗੜ੍ਹ, ਸੋਲ੍ਹਨ ਏਰੀਆ ਦਾ ਮੇਨ ਗੈਂਗਸਟਰ ਹੈ ਜੋ ਕਿ ਆਪਣੇ ਹੋਰ ਗੁਰਗਿਆ/ਗੈਗਸਟਰਾ ਨਾਲ ਜਿਲ੍ਹਾ ਰੂਪਨਗਰ ਅਤੇ ਰੂਪਨਗਰ ਦੇ ਨਾਲ ਲੱਗਦੇ ਏਰੀਆ ਅਤੇ ਹਿਮਾਚਲ ਪ੍ਰਦੇਸ਼ ਦੇ ਏਰੀਆ ਵਿੱਚ ਵਾਰਦਾਤਾ ਕਰਨ ਅਤੇ ਨਸ਼ਾ ਦੀ ਸਪਲਾਈ ਕਰਨ ਲਈ ਸਰਗਰਮ ਸੀ ਅਤੇ ਇਹ ਮੁਕੱਦਮਾ ਨੰਬਰ 92 ਮਿਤੀ 31.5.2022 ਅ/ਧ 18,22,29/61/85 NDPS Act ਥਾਣਾ ਸਿਟੀ ਰੂਪਨਗਰ ਅਤੇ ਮੁਕੱਦਮਾ ਨੰਬਰ 117 ਮਿਤੀ 02.7.2022 ਅ/ਧ 22,29/61/85 NDPS Act ਥਾਣਾ ਸਿਟੀ ਰੂਪਨਗਰ ਵਿੱਚ ਵੀ ਲੋੜੀਂਦਾ ਸੀ।ਦੋਸ਼ੀ ਗੈਗਸਟਰ ਪਰਮਿੰਦਰ ਸਿੰਘ @ ਪਿੰਦਰੀ ਦੇ ਖਿਲਾਫ ਪਹਿਲਾਂ ਵੀ ਲੜਾਈ ਝਗੜਾ, ਹੀਨੀਅਸ ਕਰਾਇਮ ਅਤੇ ਅਸਲਾ ਐਕਟ ਦੇ 22 ਮੁਕੱਦਮੇ ਦਰਜ ਰਜਿਸਟਰ ਹਨ।ਜੋ ਕਿ ਪੁਲਿਸ ਦੀ ਗ੍ਰਿਫਤ ਤੋਂ ਬਚਣ ਲਈ ਅਕਸਰ ਹੀ ਹਿਮਾਚਲ ਪ੍ਰਦੇਸ਼ ਦੇ ਇਲਾਕਾ ਵਿੱਚ ਲੁਕ ਛਿਪ ਕੇ ਰਹਿ ਰਿਹਾ ਸੀ ਤੇ ਉੱਥੋਂ ਹੀ ਆਪਣੇ ਗੈਂਗ ਦੇ ਗੁਰਗਿਆ ਨੂੰ ਦਿਸ਼ਾ ਨਿਰਦੇਸ਼ ਦੇ ਕੇ ਨਸ਼ਾ ਸਪਲਾਈ ਅਤੇ ਵਾਰਦਾਤਾ ਕਰਵਾ ਰਿਹਾ ਸੀ।

ਮਿਤੀ 06.8.2022 ਨੂੰ SI ਰਾਜ ਕੁਮਾਰ ਸਮੇਤ ਪੁਲਿਸ ਪਾਰਟੀ ਜਦੋਂ T.Point ਭੱਦਲ ਥਾਣਾ ਸਦਰ ਰੂਪਨਗਰ ਵਿਖੇ ਮੌਜੂਦ ਸੀ ਤਾਂ ਮੁਖਬਰੀ ਹੋਣ ਤੇ ਮ:ਨੰ: 58 ਮਿਤੀ 06.8.2022 ਅ/ਧ 399,402 IPC, 25/54/59 A.Act ਥਾਣਾ ਸਦਰ ਰੂਪਨਗਰ ਦਰਜ ਰਜਿਸਟਰ ਕਰਾਇਆ ਗਿਆ ਅਤੇ ਦੌਰਾਨੇ ਤਫਤੀਸ਼ ਮੁਖਬਰ ਦੀ ਇਤਲਾਹ ਅਨੁਸਾਰ ਪਿੰਡ ਹਰੀਪੁਰ ਤੋਂ ਪਿੰਡ ਬਰਦਾਰ ਨੂੰ ਜਾਂਦੀ ਸੜਕ ਤੇ ਮਾਤਾ ਮਨਸਾ ਦੇਵੀ ਮੰਦਰ ਤੋਂ ਅੱਗੇ ਚੋਅ/ਨਦੀ ਦੇ ਪੁਲ ਦੇ ਥੱਲੇ ਮੌਕਾ ਪਰ ਰੇਡ ਕਰਕੇ ਨਿਮਨਲਿਖਤ ਅਨੁਸਾਰ ਦੋਸ਼ੀਆਨ ਨੂੰ ਕਿਸੇ ਵੱਡੀ ਵਾਰਦਾਤ ਕਰਨ ਦੀ ਤਿਆਰੀ ਕਰਦੇ ਸਮੇਂ, ਸਮੇਤ ਮਾਰੂ ਹਥਿਆਰਾ/ਪਿਸਤੌਲਾਂ ਦੇ ਗ੍ਰਿਫਤਾਰ ਕੀਤਾ ਜੋ ਦੋਸ਼ੀਆਨ ਪਰਮਿੰਦਰ ਸਿੰਘ @ ਪਿੰਦਰੀ ਉਕਤ ਪਾਸੋਂ ਇੱਕ 30 ਬੋਰ ਪਿਸਤੌਲ ਸਮੇਤ 15 ਕਾਰਤੂਸ ਜਿੰਦਾ ਅਤੇ ਇੱਕ ਮੈਗਜੀਨ, ਬਲਜਿੰਦਰ ਸਿੰਘ @ ਬਿੱਲਾ ਉਕਤ ਪਾਸੋਂ ਇੱਕ 30 ਬੋਰ ਪਿਸਤੌਲ ਸਮੇਤ 15 ਕਾਰਤੂਸ ਜਿੰਦਾ, ਗੁਰਦੀਪ ਸਿੰਘ @ ਘੋਗੀ ਉਕਤ ਪਾਸੋਂ ਇੱਕ ਰਾਡ ਲੋਹਾ, ਜਸਪ੍ਰੀਤ ਸਿੰਘ @ ਮੱਕੜ ਉਕਤ ਪਾਸੋਂ ਇੱਕ 32 ਬੋਰ ਪਿਸਤੌਲ ਸਮੇਤ 05 ਕਾਰਤੂਸ ਜਿੰਦਾ, ਗੁਰਪ੍ਰੀਤ ਸਿੰਘ @ ਭੋਲੂ ਉਕਤ ਪਾਸੋਂ ਇੱਕ 315 ਬੋਰ ਪਿਸਤੌਲ ਸਮੇਤ 05 ਕਾਰਤੂਸ ਜਿੰਦਾ,ਇਕਬਾਲ ਮੁਹੰਮਦ ਉਕਤ ਪਾਸੋਂ

ਇੱਕ 32 ਬੋਰ ਪਿਸਤੌਲ ਸਮੇਤ 05 ਕਾਰਤੂਸ ਜਿੰਦਾ, ਸੁਰਿੰਦਰ ਸਿੰਘ @ ਸ਼ਿੰਦਾ ਉਕਤ ਪਾਸੋਂ ਇੱਕ ਰਾਡ ਲੋਹਾ ਅਤੇ ਦਾਰਾ ਸਿੰਘ @ ਦਾਰਾ ਉਕਤ ਪਾਸੋਂ ਇੱਕ 315 ਬੋਰ ਪਿਸਤੌਲ ਸਮੇਤ 05 ਕਾਰਤੂਸ ਜਿੰਦਾ ਬ੍ਰਾਂਮਦ ਹੋਏ ਹਨ। ਦੋਸ਼ੀਆਨ ਨੂੰ ਪੇਸ਼ ਅਦਾਲਤ ਕਰਕੇ ਮਿਤੀ 10.8.2022 ਤੱਕ ਦਾ ਪੁਲਿਸ ਰਿਮਾਂਡ ਹਾਸਲ ਕੀਤਾ ਗਿਆ ਹੈ। ਇਹਨਾਂ ਪਾਸੋਂ ਪੁੱਛਗਿੱਛ ਕੀਤੀ ਜਾ ਰਹੀ ਹੈ। ਜਿਹਨਾਂ ਪਾਸੋਂ ਕਈ ਅਹਿਮ ਖੁਲਾਸੇ ਹੋਣ ਦੀ ਆਸ ਹੈ।

ਉਕਤ ਤੋ ਇਲਾਵਾ ਮਿਤੀ 07.8.2022 ਨੂੰ ASI ਬਲਬੀਰ ਸਿੰਘ ਸਮੇਤ ਪੁਲਿਸ ਪਾਰਟੀ ਜਦੋਂ ਪਟਵਾਰਖਾਨਾ ਚੌਂਕ ਰੂਪਨਗਰ ਮੌਜੂਦ ਸੀ ਤਾਂ ਮੁਖਬਰੀ ਹੋਣ ਤੇ **ਮ:ਨੰ: 140ਮਿਤੀ 07.8.2022 ਅ/ਧ 25/54/59 A.Act ਥਾਣਾ ਸਿਟੀ ਰੂਪਨਗਰ** ਦਰਜ ਰਜਿਸਟਰ ਕਰਾਇਆ ਗਿਆ ਅਤੇ ਦੌਰਾਨੇ ਤਫਤੀਸ਼ ਮੁਖਬਰ ਦੀ ਇਤਲਾਹ ਅਨੁਸਾਰ ਦੋਸ਼ੀਆਨ **ਸੁਖਵਿੰਦਰ ਸਿੰਘ @ ਕਾਲਾ** ਨੂੰ ਇੱਕ ਦੇਸੀ ਪਿਸਤੌਲ 12 ਬੋਰ ਸਮੇਤ ਅਤੇ **ਦੋਸ਼ੀ ਰੋਬਿਨ ਸਿੰਘ** ਨੂੰ ਇੱਕ ਕਾਰਤੂਸ ਜਿੰਦਾ 12 ਬੋਰ ਸਮੇਤ ਗ੍ਰਿਫਤਾਰ ਕੀਤਾ ਹੈ ਜਿਹਨਾਂ ਨੂੰ ਪੇਸ਼ ਅਦਾਲਤ ਕਰਕੇ ਪੁਲਿਸ ਰਿਮਾਂਡ ਹਾਸਲ ਕਰਕੇ ਪੁੱਛਗਿੱਛ ਕੀਤੀ ਜਾਵੇਗੀ ਜਿਹਨਾਂ ਪਾਸੋਂ ਵੀ ਕਈ ਅਹਿਮ ਖੁਲਾਸੇ ਹੋਣ ਦੀ ਆਸ ਹੈ।

1. **ਮ:ਨੰ: 58 ਮਿਤੀ 06.8.2022 ਅ/ਧ 399,402 IPC, 25/54/59 A.Act ਥਾਣਾ ਸਦਰ ਰੂਪਨਗਰ**

**ਦੋਸ਼ੀਆਨ ਦਾ ਨਾਮ ਪਤਾ:-**

1. ਪਰਮਿੰਦਰ ਸਿੰਘ @ ਪਿੰਦਰੀ ਪੁੱਤਰ ਹਰਮੇਸ਼ ਸਿੰਘ ਵਾਸੀ ਪਿੰਡ ਢਾਹਾਂ ਥਾਣਾ ਨੂਰਪੁਰ ਬੇਦੀ ਜਿਲ੍ਹਾ ਰੂਪਨਗਰ
2. ਬਲਜਿੰਦਰ ਸਿੰਘ @ ਬਿੱਲਾ ਪੁੱਤਰ ਗੁਲਜਾਰ ਸਿੰਘ ਵਾਸੀ ਪਿੰਡ ਤਖਤਗੜ੍ਹ ਥਾਣਾ ਨੂਰਪੁਰ ਬੇਦੀ ਜਿਲ੍ਹਾ ਰੂਪਨਗਰ
3. ਗੁਰਦੀਪ ਸਿੰਘ @ ਘੋਗੀ ਪੁੱਤਰ ਗੁਰਮੁੱਖ ਸਿੰਘ ਵਾਸੀ ਪਿੰਡ ਰਤਨਗੜ੍ਹ ਥਾਣਾ ਸਦਰ ਮੋਰਿੰਡਾ ਜਿਲ੍ਹਾ ਰੂਪਨਗਰ
4. ਜਸਪ੍ਰੀਤ ਸਿੰਘ @ ਮੱਕੜ ਪੁੱਤਰ ਦਲਜੀਤ ਸਿੰਘ ਵਾਸੀ ਪਿੰਡ ਦਾਤਾਰਪੁਰ ਥਾਣਾ ਸਦਰ ਮੋਰਿੰਡਾ ਜਿਲ੍ਹਾ ਰੂਪਨਗਰ
5. ਗੁਰਪ੍ਰੀਤ ਸਿੰਘ @ ਭੋਲੂ ਪੁੱਤਰ ਸੰਤ ਸਿੰਘ ਵਾਸੀ ਪਿੰਡ ਰਤਨਗੜ੍ਹ ਥਾਣਾ ਸਿਟੀ ਮੋਰਿੰਡਾ ਜਿਲ੍ਹਾ ਰੂਪਨਗਰ
6. ਇਕਬਾਲ ਮੁਹੰਮਦ ਪੁੱਤਰ ਸੁਲੇਮਾਨ ਵਾਸੀ ਪਿੰਡ ਕਲਾਲ ਮਾਜਰਾ ਤਹਿਸੀਲ ਬੱਦੀ ਜਿਲ੍ਹਾ ਸੋਲ੍ਹਨ HP.
7. ਸੁਰਿੰਦਰ ਸਿੰਘ @ ਸ਼ਿੰਦਾ ਪੁੱਤਰ ਗੁਰਜੀਤ ਸਿੰਘ ਵਾਸੀ ਪਿੰਡ ਚੱਕਲਾ ਥਾਣਾ ਸਦਰ ਮੋਰਿੰਡਾ ਜਿਲ੍ਹਾ ਰੂਪਨਗਰ.
8. ਦਾਰਾ ਸਿੰਘ @ ਦਾਰਾ ਪੁੱਤਰ ਸਵਰਨ ਸਿੰਘ ਵਾਸੀ ਪਿੰਡ ਮੀਆਪੁਰ ਹੰਡੂਰ ਥਾਣਾ ਸ੍ਰੀ ਕੀਰਤਪੁਰ ਸਾਹਿਬ ਜਿਲ੍ਹਾ ਰੂਪਨਗਰ।

**ਬ੍ਰਾਂਮਦਗੀ:-**

| | |
|---|---|
| 02ਦੇਸੀ ਪਿਸਤੌਲ 30 ਬੋਰ ਸਮੇਤ 01 ਮੈਗਜੀਨ, | 30 ਕਾਰਤੂਸ ਜਿੰਦਾ 30 ਬੋਰ, |
| 02ਦੇਸੀ ਪਿਸਤੌਲ 32 ਬੋਰ, | 10 ਕਾਰਤੂਸ ਜਿੰਦਾ 32 ਬੋਰ, |
| 02 ਦੇਸੀ ਪਿਸਤੌਲ 315 ਬੋਰ, | 10 ਕਾਰਤੂਸ ਜਿੰਦਾ 315 ਬੋਰ |
| 02 ਰਾਡਾ ਲੋਹਾ | |

**ਤਾਰੀਖ ਗ੍ਰਿਫਤਾਰੀ :-** 06.8.2022

**ਜਗ੍ਹਾ ਬ੍ਰਾਮਦਗੀ :-**

ਪਿੰਡ ਹਰੀਪੁਰ ਤੋਂ ਪਿੰਡ ਬਰਦਾਰ ਨੂੰ ਜਾਂਦੀ ਸੜਕ ਤੇ ਮਾਤਾ ਮਨਸ਼ਾ ਦੇਵੀ ਮੰਦਰ ਤੋਂ ਅੱਗੇ ਚੋਅ/ਨਦੀ ਦੇ ਪੁਲ ਦੇ ਥੱਲੇ।

**2. ਮ:ਨੰ: 140 ਮਿਤੀ 07.8.2022 ਅ/ਧ 25/54/59 A.Act ਥਾਣਾ ਸਿਟੀ ਰੂਪਨਗਰ**

**ਦੋਸ਼ੀਆਨ ਦਾ ਨਾਮ ਪਤਾ:-**

1.ਸੁਖਵਿੰਦਰ ਸਿੰਘ @ ਕਾਲਾ ਪੁੱਤਰ ਜਸਵੰਤ ਸਿੰਘ ਵਾਸੀ ਪਿੰਡ ਤੇਲੀਵਾਲ ਥਾਣਾ ਨਾਲਾਗੜ੍ਹ ਜਿਲ੍ਹਾ ਸੋਲ੍ਹਨ (HP)
2.ਰੋਬਿਨ ਸਿੰਘ ਪੁੱਤਰ ਤਾਰਾ ਸਿੰਘ ਵਾਸੀ ਪਿੰਡ ਘੀਹੜ ਥਾਣਾ ਨਾਲਾਗੜ੍ਹ ਜਿਲ੍ਹਾ ਸੋਲ੍ਹਨ (HP)

**ਬ੍ਰਾਂਮਦਗੀ:-**

| | |
|---|---|
| 01 ਦੇਸੀ ਪਿਸਤੌਲ 12 ਬੋਰ, | 01 ਕਾਰਤੂਸ ਜਿੰਦਾ 12 ਬੋਰ |
| ਤਾਰੀਖ ਗ੍ਰਿਫਤਾਰੀ :- | 07.8.2022 |
| ਜਗ੍ਹਾ ਬ੍ਰਾਮਦਗੀ :- | ਗੋਪਾਲ ਗਊਸ਼ਾਲਾ ਰੋਡ ਨੇੜੇ ਸਮਸ਼ਾਨ ਘਾਟ ਰੂਪਨਗਰ |

**ਕੁੱਲ ਬ੍ਰਾਂਮਦਗੀ:-**

**ਕੁੱਲ ਪਿਸਤੌਲ:-07, ਕੁੱਲ ਰੌਂਦ = 51, ਇੱਕ ਮੈਗਜੀਨ ਅਤੇ 02 ਰਾਡਾ ਲੋਹਾ।**